Seniority

**ਦਫਤਰ:- ਡਾਇਰੈਕਟਰ ਸਿਖਿਆ ਵਿਭਾਗ (ਐ:ਸਿ:) ਪੰਜਾਬ, ਐਸ.ਏ.ਐਸ. ਨਗਰ**

**(ਅਮਲਾ-1 ਸ਼ਾਖਾ)**

**ਹੁਕਮ ਨੰਬਰ:-24/65-2018-ਅਮਲਾ-1(1)**

**ਮਿਤੀ ਮੋਹਾਲੀ:-26/04/2018**

ਸ੍ਰੀ ਹਰੀ ਸਿੰਘ, ਸੈਂਟਰ ਹੈੱਡ ਟੀਚਰ, ਸ:ਐ:ਸ: ਐਨ.ਟੀ.ਸੀ.-2, ਬਲਾਕ ਰਾਜਪੁਰਾ-2 (ਪਟਿਆਲਾ) ਵਲੋਂ ਇਸ ਦਫਤਰ ਦੇ ਧਿਆਨ ਵਿਚ ਲਿਖਤੀ ਰੂਪ ਵਿਚ ਲਿਆਂਦਾ ਹੈ ਕਿ ਜਿਲ੍ਹਾ ਸਿਖਿਆ ਅਫਸਰ (ਐ:ਸਿ:) ਪਟਿਆਲਾ ਵਲੋਂ ਸੈਂਟਰ ਹੈੱਡ ਟੀਚਰਾਂ ਦੀ ਸੀਨੀਆਰਤਾ ਸੂਚੀ ਤਿਆਰ ਕਰਕੇ ਸਮੇਂ ਉਸ ਨੂੰ ਸੀਨੀਅਰ ਹੋਣ ਦਾ ਬਾਵਜੂਦ ਵੀ ਸੀਨੀਆਰਤਾ ਨੰਬਰ:- 34 ਅਲਾਟ ਕਰ ਦਿੱਤਾ ਗਿਆ ਜਦੋਂ ਕਿ ਉਸ ਨਾਲੋਂ ਜੂਨੀਅਰ ਸੈਂਟਰ ਹੈੱਡ ਟੀਚਰ ਸ੍ਰੀ ਅਮਰ ਨਾਥ, ਸੈਂਟਰ ਹੈੱਡ ਟੀਚਰ ਨੂੰ ਸੀਨੀਆਰਤਾ ਨੰਬਰ 33 ਅਲਾਟ ਕੀਤਾ ਗਿਆ ਹੈ। ਜਿਸ ਦੇ ਅਧਾਰ ਤੇ ਸ੍ਰੀ ਅਮਰ ਨਾਥ, ਦੀ ਤਰੱਕੀ ਬਤੌਰ ਬੀ.ਪੀਂ.ਈ.ਓ. ਕੀਤੀ ਜਾ ਚੁੱਕੀ ਹੈ।

ਪ੍ਰਾਪਤ ਹੋਈ ਪ੍ਰਤੀ ਬੇਨਤੀ ਦੀ ਕਾਪੀ ਜਿਲ੍ਹਾ ਸਿਖਿਆ ਅਫਸਰ (ਐ:ਸਿ:) ਪਟਿਆਲਾ ਨੂੰ ਭੇਜ ਕੇ ਰਿਪੋਰਟ ਪ੍ਰਾਪਤ ਕੀਤੀ ਗਈ। ਜਿਲ੍ਹਾ ਸਿਖਿਆ ਅਫਸਰ (ਐ:ਸਿ:) ਪਟਿਆਲਾ ਵਲੋਂ ਪੱਤਰ ਨੰਬਰ:-ਅ-5/( )/2018/816 ਮਿਤੀ 20/04/2018 ਅਨੁਸਾਰ ਹੇਠ ਲਿਖੇ ਅਨੁਸਾਰ ਵੇਰਵੇ ਲਿਖਤੀ ਰੂਪ ਵਿਚ ਪੇਸ਼ ਕੀਤੇ ਗਏ ਹਨ:-

" ਇਹ ਕਿ ਜਿਲ੍ਹਾ ਸਿਖਿਆ ਅਫਸਰ (ਐ:ਸਿ:) ਪਟਿਆਲਾ ਦੇ ਹੁਕਮ ਨੰਬਰ:-ਈ.ਪੀ.-1/82(8) ਮਿਤੀ ਪਟਿਆਲਾ 11/02/1982 ਨੂੰ 89 ਦਿਨਾਂ ਲਈ ਆਰਜੀ ਤੌਰ ਤੇ ਨਿਯੁੱਕਤ ਕੀਤੇ ਗਏ ਅਧਿਆਪਕਾਂ ਵਿਚ ਲੜੀ ਨੰਬਰ:- 4 ਤੇ ਦਰਜ ਸ੍ਰੀ ਹਰੀ ਸਿੰਘ ਦਾ ਨਾਮ ਹੈ। ਇਹਨਾਂ ਹੁਕਮਾਂ ਵਿਚ ਸ੍ਰੀ ਅਮਰ ਨਾਥ ਦਾ ਨਾਮ ਲੜੀ ਨੰਬਰ:-5 ਤੇ ਦਰਜ ਹੈ। ਇਹਨਾਂ ਹੁਕਮਾਂ ਅਨੁਸਾਰ ਰੱਖੇ ਗਏ ਸਾਰੇ ਅਧਿਆਪਕਾਂ ਨੂੰ ਡਿਊਟੀ ਤੇ ਹਾਜਰ ਹੋਣ ਦਾ ਸਮਾਂ ਇੱਕ ਹਫਤੇ ਦਾ ਦਿੱਤਾ ਗਿਆ ਸੀ ਜਿਸ ਦੇ ਸੰਨਮੁੱਖ ਸਾਰੇ ਅਧਿਆਪਕ ਨਿਸ਼ਚਿਤ ਸਮੇਂ ਦੇ ਅੰਦਰ-ਅੰਦਰ ਹਾਜਰ ਹੋ ਗਏ ਸਨ, ਇਸ ਸਬੰਧੀ ਉਹਨਾਂ ਵਲੋਂ ਸਮੁੱਚਾ ਰਿਕਾਰਡ ਘੋਖਣ ਉਪਰੰਤ ਇਹ ਪਾਇਆ ਗਿਆ ਕਿ ਹਰੀ ਸਿੰਘ ਜਿਸ ਦਾ ਨਾਮ ਸੀਨੀਆਰਤਾ ਸੂਚੀ ਵਿਚ ਲੜੀ ਨੰਬਰ:- 34 ਤੇ ਦਰਜ ਨੂੰ ਸੀਨੀਆਰਤਾ ਨੰਬਰ 33 ਅਲਾਟ ਕੀਤਾ ਗਿਆ ਹੈ। ਇਸ ਅਨੁਸਾਰ ਸਬੰਧਤ ਦਾ ਤਰੱਕੀ ਦਾ ਕੇਸ ਬਤੌਰ ਬੀ.ਪੀ.ਈ.ਓ. ਵਿਚਾਰਨਾ ਬਣਦਾ ਹੈ। ਇਹ ਵੀ ਲਿਖਿਆ ਗਿਆ ਹੈ ਕਿ ਇਹ ਦੋਵੇ ਕਰਮਚਾਰੀ ਅਨੁਸੂਚਿਤ ਜਾਤੀ ਨਾਲ ਸਬੰਧਤ ਹਨ।"

ਉਪਰੋਕਤ ਅਨੁਸਾਰ ਜਿਲ੍ਹਾ ਸਿਖਿਆ ਅਫਸਰ (ਐ:ਸਿ:) ਪਟਿਆਲਾ ਵਲੋਂ ਪੇਸ਼ ਕੀਤੀ ਗਈ ਰਿਪੋਰਟ/ ਤਜਵੀਜ ਅਨੁਸਾਰ ਇਹ ਪਾਇਆ ਗਿਆ ਕਿ ਸ੍ਰੀ ਅਮਰ ਨਾਥ ਨਾਲੋਂ ਸ੍ਰੀ ਹਰੀ ਸਿੰਘ, ਸੀਨੀਅਰ ਹੈ। ਸ੍ਰੀ ਅਮਰ ਨਾਥ, ਸੈਂਟਰ ਹੈੱਡ ਟੀਚਰ ਦੀ ਤਰੱਕੀ ਜਿਲ੍ਹਾ ਸਿਖਿਆ ਅਫਸਰ (ਐ:ਸਿ:) ਪਟਿਆਲਾ ਵਲੋਂ ਗਲਤ ਫਿਕਸ ਕੀਤੀ ਗਈ ਸੀਨੀਆਰਤਾ ਦੇ ਅਧਾਰ ਤੇ ਕੀਤੀ ਗਈ ਸੀ।

ਇਸ ਲਈ ਸ੍ਰੀ ਹਰੀ ਸਿੰਘ, ਸੈਂਟਰ ਹੈੱਡ ਟੀਚਰਅ ਸ:ਐ:ਸ: ਐਨ.ਟੀ.ਸੀ.-2, ਬਲਾਕ ਰਾਜਪੁਰਾ-2 (ਪਟਿਆਲਾ) ਦੀ ਤਰੱਕੀ ਬਤੌਰ ਬੀ.ਪੀ.ਈ.ਓ. ਅਮਰ ਨਾਥ ਦੀ ਜਗ੍ਹਾ ਮਿਤੀ 08/02/2018 ਤੋਂ ਨੋਸ਼ਨਲ ਤੌਰ

ਤੇ ਕੀਤੀ ਜਾਂਦੀ ਹੈ। ਇਸ ਅਧਿਕਾਰੀ ਨੂੰ ਉਸ ਵਲੋਂ ਪੇਸ਼ ਕੀਤੀ ਗਈ ਪ੍ਰਤੀ ਬੇਨਤੀ ਅਨੁਸਾਰ ਬੀ.ਪੀ.ਈ.ਓ. ਰਾਜਪੁਰਾ-2 (ਖਾਲੀ ਹੋਣ ਦੀ ਸੂਰਤ ਵਿਚ) ਅਲਾਟ ਕੀਤਾ ਜਾਂਦਾ ਹੈ।

ਸ਼੍ਰੀ ਅਮਰ ਨਾਥ, ਬੀ.ਪੀ.ਈ.ਓ. ਭੁਨਰਹੇੜੀ (ਪਟਿਆਲਾ) ਨੂੰ ਸੈਂਟਰ ਹੈੱਡ ਟੀਚਰ ਦੀ ਅਸਾਮੀ ਤੇ ਰਿਵਰਟ ਕੀਤਾ ਜਾਂਦਾ ਹੈ।

**ਇੰਦਰਜੀਤ ਸਿੰਘ**
**ਡਾਇਰੈਕਟਰ ਸਿਖਿਆ ਵਿਭਾਗ(ਐ:ਸਿ:) ਪੰਜਾਬ**

**ਪਿੱਠ ਅੰਕਣ ਨੰਬਰ:-ਉਕਤ** 1772 **ਮਿਤੀ ਮੋਹਾਲੀ:-** 26/4/18

**ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-**

1. ਜਿਲ੍ਹਾ ਸਿਖਿਆ ਅਫਸਰ (ਐ:ਸਿ:) ਪਟਿਆਲਾ ਨੂੰ ਉਹਨਾਂ ਦੇ ਪੱਤਰ ਨੰਬਰ:-ਅ-5 ( ) 2018/816 ਮਿਤੀ 20/04/2018 ਦੇ ਹਵਾਲੇ ਵਿਚ ਭੇਜ ਕੇ ਲਿਖਿਆ ਜਾਂਦਾ ਹੈ ਕਿ ਸ਼੍ਰੀ ਅਮਰ ਨਾਥ, ਬੀ.ਪੀ.ਈ.ਓ., ਦੀ ਰਿਵਰਸ਼ਨ ਉਪਰੰਤ ਬਤੌਰ ਸੈਂਟਰ ਹੈੱਡ ਟੀਚਰ ਦੀ ਪੋਸਟਿੰਗ ਆਪਣੇ ਪੱਧਰ ਤੇ ਨਿਯਮਾਂ ਅਨੁਸਾਰ ਕੀਤੀ ਜਾਵੇ। ਇਸ ਤੋਂ ਇਲਾਵਾ ਸੈਂਟਰ ਹੈੱਡ ਟੀਚਰਾਂ ਦੀ ਸੀਨੀਆਰਤਾ ਫਾਈਨਲ ਕਰਦੇ ਸਮੇਂ ਪਾਈਆਂ ਗਈਆਂ ਬੇਨਿਯਮੀਆਂ ਅਤੇ ਗਲਤ ਸੀਨੀਆਰਤਾ ਨੰਬਰ ਅਲਾਟ ਕਰਨ ਸਬੰਧੀ ਕਾਰਨ ਲਿਖਤੀ ਰੂਪ ਵਿਚ 02 ਦਿਨਾਂ ਦੇ ਅੰਦਰ-ਅੰਦਰ ਇਸ ਦਫਤਰ ਨੂੰ ਸਪੱਸ਼ਟ ਕੀਤੀ ਜਾਵੇ ਤਾਂ ਜੋ ਇਸ ਮਾਮਲੇ ਵਿਚ ਵਰਤੀ ਗਈ ਕੁਤਾਹੀ ਲਈ ਜਿੰਮੇਵਾਰ ਅਧਿਕਾਰੀਆਂ/ਕਰਮਚਾਰੀਆਂ ਵਿਰੁੱਧ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਰੂਲਜ਼ 1970 ਦੇ ਨਿਯਮਾਂ ਅਨੁਸਾਰ ਬਣਦੀ ਕਾਰਵਾਈ ਕੀਤੀ ਜਾ ਸਕੇ। ਇਸ ਮਾਮਲੇ ਵਿਚ ਕਿਸੇ ਪ੍ਰਕਾਰ ਦੀ ਦੇਰੀ ਜਾਂ ਅਣਗਹਿਲੀ ਨਾ ਵਰਤੀ ਜਾਵੇ।
2. ਮਹਾਂਲੇਖਾਕਾਰ, ਪੰਜਾਬ, ਚੰਡੀਗੜ੍ਹ।
3. ਜਿਲ੍ਹਾ ਖਜਾਨਾ ਅਫਸਰ, ਪਟਿਆਲਾ।
4. ਬੀ.ਪੀ.ਈ.ਓ. ਰਾਜਪੁਰਾ-2 (ਪਟਿਆਲਾ)।
5. ਸ਼੍ਰੀ ਅਮਰ ਨਾਥ, ਬੀ.ਪੀ.ਈ.ਓ. ਭੁਨਰਹੇੜੀ (ਪਟਿਆਲਾ)।
6. ਸ਼੍ਰੀ ਹਰੀ ਸਿੰਘ, ਸੈਂਟਰ ਹੈੱਡ ਟੀਚਰ ਮਾਰਫਤ ਜਿਲ੍ਹਾ ਸਿਖਿਆ ਅਫਸਰ (ਐ:ਸਿ:) ਪਟਿਆਲਾ।
7. ਐਮ.ਆਈ.ਐਸ. ਵਿੰਗ ਦਫਤਰ ਸਰਵ ਸਿਖਿਆ ਅਭਿਆਨ ਅਥਾਰਟੀ ਪੰਜਾਬ ਨੂੰ ਵਿਭਾਗ ਦੀ ਸਾਈਟ ਤੇ ਪਾਉਣ ਲਈ।

26/4/18
**ਸਹਾਇਕ ਡਾਇਰੈਕਟਰ(ਅਮਲਾ)**